

# ਸਰਦੀਆਂ ਦੀਆਂ ਸਬਜ਼ੀਆ ਦੇ ਕੀੜੇ-ਮਕੌੜੇ ਅਤੇ ਰੋਕਥਾਮ

| ਸਬਜ਼ੀਆਂ | ਕੀੜੇ ਅਤੇ ਨਿਸ਼ਾਨੀਆਂ | ਰੋਕਥਾਮ ਦੇ ਢੰਗ | ਸਾਵਧਾਨੀਆਂ |
|---|---|---|---|
| ਮਟਰ | ਫਲੀ ਛੇਦਕ ਸੁੰਡੀਆਂ:<br>ਹਰੀਆਂ ਸੁੰਡੀਆਂ ਫਲੀਆਂ ਵਿੱਚ ਦਾਖਲ ਹੋ ਜਾਂਦੀਆਂ ਹਨ ਅਤੇ ਨਵੇਂ ਅਤੇ ਤਾਜ਼ੇ ਦਾਣਿਆਂ ਨੂੰ ਖਾ ਜਾਂਦੀਆਂ ਹਨ।ਸੁੰਡੀਆਂ ਫੁੱਲਾਂ ਨੂੰ ਵੀ ਖਾਂਦੀਆਂ ਹਨ।<br><br> | ਜਿਉਂ ਹੀ ਫਲੀਆਂ ਲੱਗਣੀਆਂ ਸ਼ੁਰੂ ਹੋਣ, 900 ਗ੍ਰਾਮ ਸੇਵਿਨ 50 ਡਬਲਯੂ ਪੀ ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਦੋ ਹਫਤਿਆਂ ਦੇ ਫਰਕ ਤੇ ਛਿੜਕਾਅ ਕਰੋ<br><br>ਹਮਲਾ ਹੋਣ ਦੀ ਸੂਰਤ ਵਿੱਚ 400 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਲੋੜ ਪੈਣ ਤੇ ਇਕ ਛਿੜਕਾਅ 15 ਦਿਨਾਂ ਪਿੱਛੋਂ ਹੋਰ ਕਰੋ । | ਫ਼ਸਲ ਦੀ ਤੁੜਾਈ ਤੋਂ ਘੱਟੋ-ਘੱਟ 20 ਦਿਨ ਪਹਿਲਾਂ ਇਸ ਜ਼ਹਿਰ ਦਾ ਛਿੜਕਾਅ ਬੰਦ ਕਰ ਦਿਉ । |

| | | | |
|---|---|---|---|
| | ਮਟਰ ਦੇ ਸੁਰੰਗੀ ਕੀੜੇ ਅਤੇ ਚੇਪਾ (ਤੇਲਾ) :<br>ਮਟਰਾਂ ਦੇ ਸੁਰੰਗੀ ਕੀੜੇ ਦੀਆਂ ਸੁੰਡੀਆਂ ਪੱਤਿਆਂ ਵਿੱਚ ਸੁਰੰਗਾਂ ਬਣਾ ਲੈਂਦੀਆਂ ਹਨ ਅਤੇ ਪੱਤੇ ਨੂੰ ਅੰਦਰ ਖਾਂਦੀਆਂ ਹਨ। ਦਸੰਬਰ ਤੋਂ ਮਾਰਚ ਦੇ ਦੌਰਾਨ ਇਹ ਬਹੁਤ ਨੁਕਸਾਨ ਕਰਦੇ ਹਨ।ਚੇਪਾ ਵੀ ਰਸ ਚੂਸਦਾ ਹੈ ਜਿਸ ਕਾਰਨ ਪੱਤੇ ਪੀਲੇ ਪੈ ਜਾਂਦੇ ਹਨ ।<br><br> | ਹਮਲਾ ਹੋਣ ਦੀ ਸੂਰਤ ਵਿੱਚ 400 ਮਿਲੀਲਿਟਰ ਰੋਗਰ 30<br>ਈ ਸੀ (ਡਾਈਮੈਥੋਏਟ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ<br>ਛਿੜਕਾਅ ਕਰੋ । ਲੋੜ ਪੈਣ ਤੇ ਇਕ ਛਿੜਕਾਅ 15 ਦਿਨਾਂ ਪਿੱਛੋਂ ਹੋਰ ਕਰੋ । | ਸਾਵਧਾਨੀ : ਫ਼ਸਲ ਦੀ ਤੁੜਾਈ ਤੋਂ ਘੱਟੋ-ਘੱਟ 20 ਦਿਨ ਪਹਿਲਾਂ ਇਸ ਜ਼ਹਿਰ ਦਾ ਛਿੜਕਾਅ ਬੰਦ ਕਰ ਦਿਉ । |

| | | | |
|---|---|---|---|
| | मटरां दे तणे दी मॱखी : इह कीड़ा बीज उॱगण समें फ़सल दा बहुत नुकसान करदा है ।  | इह कीड़ा बीज उॱगण समें फ़सल दा बहुत नुकसान करदा है । बिजाई समें सिआड़ां विॱच 3 किलो थिमट 10 जी (फ़ोरेट) जां 10 किलो फिऊराडान 3 जी (कारबोफ़ूरान) दाणेदार प्रती एकड़ सिआड़ां विॱच पाउ कीड़े दे हमले तों बचाअ लई बिजाई अकतूबर दे दूजे पंदरवाड़े विॱच करो । | सावधानी : दवाई सिॱधी हॱथां नूं ना लॱगण दिउ । दवाई पाउण समें दसताने वरतो । |
| आलू | पॱतझड़ मौसम दी फ़सल<br>1. तेला ते चेपा : तेले दे हमले वाले पॱतिआं दीआं ठूठीआं बण जांदीआं हन अते पॱते पीले पै के सुॱक जादे हन । बूटे मधरे रहि जांदे हन अते झुलसे/मॱचे होए जापदे हन । चेपे दा हमला फ़सल दे अख़ीर विॱच हुंदा है । चेपे दे हमले कारन फ़सल मॱधरी रहि जांदी है । रस चूसण तों बिनां चेपा विशाणू रोग दी छूत वी फैलाउंदा है अते बीज दी कुआलिटी वी घटाउंदा है । | जिउं ही कीड़े नज़र आउण, इस दी रोकथाम लई फ़सल नूं दो छिड़काअ 10 दिन दे फरक नाल 300 मिलीलिटर रोगर 30 ई सी (डाईमैथोएट) जां मैटासिसटाकस 25 ई सी (औकसीडैमेटोन मीथाईल) नूं 80-100 लिटर पाणी विॱच घोल के प्रती एकड़ छिड़काअ करो । बीज लई बीजी फ़सल लई 5 किलो थिमट 10 जी (फ़ोरेट) प्रती एकड़ फ़सल नूं मिॱटी चाड़्हन समें पा दिउ । इस पिॱछों किसे कीड़ेमार दवाई दे छिड़काअ दी लोड़ नहीं रहेगी। | खाण वाली फ़सल उॱते थिमट दी वरतों ना करो । मैटासिसटाकस जां रोगर नूं आलू पुॱटण दे 3 हफ़ते दे अंदर सपरेअ ना करो। |

| | | | |
|---|---|---|---|
| |  | | |
| | | ਇਸ ਦੀ ਰੋਕਥਾਮ ਲਈ ਇੱਕ ਲਿਟਰ ਕਲੋਰਪਾਈਰੀਫ਼ਾਸ 20 ਈ ਸੀ ਪ੍ਰਤੀ ਏਕੜ 400 ਲਿਟਰ ਪਾਣੀ ਮਿਲਾ ਕੇ ਪੌਦਿਆਂ ਦੇ ਆਲੇ-ਦੁਆਲੇ ਵੱਟਾਂ ਉਤੇ ਛਿੜਕੋ । | |
| | **ਬਹਾਰ ਰੁੱਤ ਦੀ ਫ਼ਸਲ**<br>**1. ਕੁਤਰਾ ਸੁੰਡੀ (ਚੋਰ ਸੁੰਡੀ) :** ਫ਼ਰਵਰੀ ਤੋਂ ਮਾਰਚ ਦੌਰਾਨ ਪੌਦਿਆਂ ਦਾ ਬਹੁਤ ਨੁਕਸਾਨ ਕਰਦੀ ਹੈ । ਇਹ ਸੁੰਡੀ ਛੋਟੇ ਪੌਦਿਆਂ ਨੂੰ ਜ਼ਮੀਨ ਦੀ ਪੱਧਰ ਤੋਂ ਕੱਟ ਦਿੰਦੀ ਹੈ ਅਤੇ ਬਾਅਦ ਵਿੱਚ ਆਲੂਆਂ ਵਿੱਚ ਖੋੜਾਂ ਪਾ ਦਿੰਦੀ ਹੈ।<br> | | |
| | **2. ਏਫਿਡ (ਚੇਪਾ), ਜੈਸਿਡ (ਤੇਲਾ) ਅਤੇ ਹੱਡਾ ਭੂੰਡੀ :** ਚੇਪੇ ਬੂਟੇ ਦਾ ਰਸ ਚੂਸਦੇ ਹਨ ਅਤੇ ਵਿਸ਼ਾਣੂੰ ਰੋਗ | ਇਨ੍ਹਾਂ ਦੀ ਰੋਕਥਾਮ ਲਈ ਪ੍ਰਤੀ ਏਕੜ 300 ਮਿਲੀਲਿਟਰ ਮੈਟਾਸਿਸਟਾਕਸ 25 ਈ ਸੀ (ਮੀਥਾਈਲ ਔਕਸੀਡੈਮੇਟੋਨ) ਜਾਂ ਰੋਗ਼ਰ 30 ਈ ਸੀ (ਡਾਈਮੈਥੋਏਟ) ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ 10 ਦਿਨਾਂ ਦੇ ਵਕਫ਼ੇ ਨਾਲ ਉੱਗਣ ਤੋਂ ਛੇਤੀ ਬਾਅਦ ਸਪਰੇਅ ਕਰੋ । | |

| | | | |
|---|---|---|---|
| | ਫੈਲਾਉਂਦੇ ਹਨ । ਇਸ ਤੋਂ ਇਲਾਵਾ ਤੇਲਾ ਅਤੇ ਹੱਡਾ ਭੂੰਡੀ ਵੀ ਫ਼ਸਲ ਦਾ ਨੁਕਸਾਨ ਕਰਦੇ ਹਨ ।<br> | | |
| ਗਾਜਰ<br>ਫੁੱਲ ਗੋਭੀ<br>ਬੰਦ ਗੋਭੀ | 1. ਤੰਬਾਕੂ ਦੀ ਸੁੰਡੀ :<br>ਇਹ ਕੀੜਾ ਅਗਸਤ- ਅਕਤੂਬਰ ਵਿੱਚ ਹਮਲਾ ਕਰਦਾ ਹੈ । ਇਸ ਦਾ ਹਮਲਾ ਕਦੇ - ਕਦਾਈਂ ਖਤਰਨਾਕ ਹੁੰਦਾ ਹੈ । ਜੇਕਰ ਇਸ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਇਹ ਪੱਤਿਆਂ ਨੂੰ ਬਿਲਕੁਲ ਮਰੁੰਡ ਦਿੰਦਾ ਹੈ । ਛੋਟੀਆਂ ਸੁੰਡੀਆਂ ਵੱਡੀ ਗਿਣਤੀ ਵਿੱਚ ਇਕੱਠੇ ਪੱਤੇ ਖਾਂਦੀਆਂ ਹਨ।<br><br>2.ਤਣੇ ਦਾ ਗੜੂੰਆਂ :<br>ਇਹ ਕੀੜਾ ਜੁਲਾਈ-ਅਗਸਤ ਵਿੱਚ ਬਹੁਤ ਨੁਕਸਾਨ ਕਰਦਾ ਹੈ । ਇਸ ਕੀੜੇ ਦੀ ਸੁੰਡੀ ਵਿਚਕਾਰਲੀ ਸ਼ਾਖ ਵਿੱਚ ਮੋਰੀ ਕਰ ਦਿੰਦੀ ਹੈ ਅਤੇ ਸ਼ਾਖ ਤੇ ਫੁੱਲ ਨਹੀਂ ਲੱਗਦਾ । ਇਸ ਕੀੜੇ ਦਾ ਜ਼ਿਆਦਾ ਹੱਲਾ ਨਵੇਂ ਬੂਟਿਆਂ ਜਾਂ ਪਨੀਰੀ ਤੇ ਹੁੰਦਾ ਹੈ । | 1. ਇਸ ਦੇ ਆਂਡਿਆਂ ਵਾਲੇ ਪੱਤੇ ਅਤੇ ਸੁੰਡੀ ਇਕੱਠੇ ਕਰ ਕੇ ਨਸਟ ਕਰ ਦਿਉ ।<br>2. ਚਮਕੀਲੀ ਪਿੱਠ ਵਾਲੇ ਪਤੰਗੇ ਦੀ ਰੋਕਥਾਮ ਵਾਲੀਆਂ ਜ਼ਹਿਰਾਂ ਦੀ ਵਰਤੋਂ ਨਾਲ ਇਹ ਸੁੰਡੀਆਂ ਵੀ ਮਰ ਜਾਦੀਆਂ ਹਨ । ਜੇਕਰ ਇਨ੍ਹਾਂ ਸੰਡੁ ੀਆਂ ਦਾ ਹਮਲਾ ਸਾਰੇ ਖੇਤ ਵਿੱਚ ਨਾ ਹੋਵੇ ਤਾਂ ਇਹ ਜ਼ਹਿਰਾਂ ਹਮਲੇ ਵਾਲੇ ਥਾਵਾਂ ਤੇ ਹੀ ਵਰਤੀਆਂ ਜਾਣੀਆਂ ਚਾਹੀਦੀਆਂ ਹਨ ।<br><br>ਇਸ ਦੀ ਰੋਕਥਾਮ ਲਈ 150 ਗ੍ਰਾਮ ਸੇਵਿਨ ਜਾਂ ਹੈਕਸਾਵਿਨ 50 ਘੁਲਣਸ਼ੀਲ (ਕਾਰਬਰਿਲ) ਨੂੰ 50 ਤੋਂ 60 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ । ਲੋੜ ਅਨੁਸਾਰ ਇੱਕ ਛਿੜਕਾਅ 10 ਦਿਨ ਪਿੱਛੋਂ ਫੇਰ ਕਰੋ । ਜ਼ਹਿਰ ਛਿੜਕਣ ਤੋਂ ਪਹਿਲਾ ਫਲ ਤੋੜ ਲਉ । ਫੇਰ ਦੁਬਾਰਾ ਫ਼ਲ ਜ਼ਹਿਰ ਛਿੜਕਣ ਤੋਂ 7 ਦਿਨ ਬਾਅਦ ਤੋੜੋ ।ਛਿੜਕਾਅ ਕੇਵਲ ਉਦੋਂ ਕਰੋ ਜਦੋਂ ਕੀੜੇ ਦਾ ਹਮਲਾ ਕਾਫ਼ੀ ਜਾਪੇ । | ਪਹਿਲੇ ਛਿੜਕਾਅ ਡਾਈਪੈਲ 8 ਐਲ ਜਾਂ ਹਾਲਟ ਡਬਲਯੂ ਪੀ ਦੇ ਕਰੋ ਕਿਉਂਕਿ ਇਹ ਮਿੱਤਰ ਕੀੜਿਆਂ ਲਈ ਸੁਰੱਖਿਅਤ ਜ਼ਹਿਰਾਂ ਹਨ । ਬੰਦ ਗੋਭੀ ਤੇ ਫੁੱਲ ਗੋਭੀ ਨੂੰ ਅਵਾਂਟ ਦੇ ਛਿੜਕਾਅ ਤੋਂ ਪਿੱਛੋਂ ਘੱਟੋ ਘੱਟ ਤਿੰਨ ਦਿਨ ਲਈ ਨਾ ਤੋੜੋ । ਜਿਥੇ ਸਕਸੈਸ 2.5 ਐਸ ਸੀ ਛਿੜਕੀ ਹੋਵੇ |

| | | | |
|---|---|---|---|
| | <br>3.ਚਮਕੀਲੀ ਪਿੱਠ ਵਾਲਾ ਪਤੰਗਾ :<br>ਇਹ ਕੀੜਾ ਅਗਸਤ-ਸਤਬੰਰ ਵਿੱਚ ਨੁਕਸਾਨ ਕਰਦਾ ਹੈ।<br>ਇਸ ਦੀਆਂ ਸੁੰਡੀਆਂ ਪੱਤਿਆਂ ਨੂੰ ਖਾਂਦੀਆਂ ਹਨ ਤੇ ਕਈ ਵਾਰ ਪੱਤਿਆਂ ਵਿੱਚ ਮੋਰੀਆਂ ਵੀ ਕਰ ਦਿਦਂ ਿਆਂ ਹਨ । ਬੂਟੇ ਦਾ ਵਾਧਾ ਰੁੱਕ ਜਾਂਦਾ ਹੈ ।<br> | ਇਸ ਦੀ ਰੋਕਥਾਮ ਲਈ ਲੋੜ ਅਨੁਸਾਰ 300 ਮਿਲੀਲਿਟਰ ਡਾਈਪੈਲ 8 ਐਲ ਜਾਂ 300 ਗ੍ਰਾਮ ਹਾਲਟ ਡਬਲਯੂ ਪੀ 7 ਦਿਨਾਂ ਦੇ ਵਕਫ਼ੇ ਤੇ ਸ਼ਾਮ ਵੇਲੇ ਛਿੜਕਾਅ ਕਰੋ ਜਾਂ 250 ਮਿਲੀਲਿਟਰ ਸਕਸੈਸ 2.5 ਐਸ ਸੀ (ਸਪਾਈਨੋਸੈਡ) ਜਾਂ 70 ਗ੍ਰਾਮ ਪ੍ਰੋਕਲੇਮ 5 ਐਸ ਜੀ (ਐਮਾਮੈਕਟਿਨ ਬੈਂਜੋਏਟ ) ਜਾਂ 130 ਮਿਲੀਲਿਟਰ ਅਵਾਂਟ 15.8 ਈ ਸੀ (ਇੰਡੌਕਸਾਕਾਰਬ) ਜਾਂ 200 ਗ੍ਰਾਮ ਪਦਾਨ 50 ਅਸੈ ਪੀ (ਕਾਰਤਾਪ ਹਾਈਡਕ੍ਰੋਲਰੋਈਡ) ਜਾਂ 200-400 ਮਿਲੀਲਿਟਰ ਏਕਾਲਕਸ 25 ਈ ਸੀ (ਕੁਇਨਲਫਾਸ) ਜਾਂ 100 ਮਿਲੀਲਿਟਰ ਸੁਮੀਸੀਡੀਨ 20 ਈ ਸੀ (ਫੈਨਵਲਰੇਟ) ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ । ਲੜੋ ਪੈਣ ਤੇ ਦਸ ਦਿਨ ਬਾਅਦ ਛਿੜਕਾਅ ਫਿਰ ਕਰੋ । | ਉਥੇ ਇਹ ਇੰਤਜ਼ਾਰ ਬੰਦ ਗੋਭੀ ਲਈ 5 ਦਿਨ ਅਤੇ ਫੁੱਲ ਗੋਭੀ ਲਈ 7 ਦਿਨ ਕਰੋ । ਪ੍ਰੋਕਲੇਮ 5 ਐਸ ਜੀ ਦੇ ਛਿੜਕਾਅ ਪਿੱਛੋਂ ਬੰਦ ਗੋਭੀ ਲਈ 3 ਦਿਨ ਅਤੇ ਫੁੱਲ ਗੋਭੀ ਲਈ 5 ਦਿਨ ਇੰਤਜ਼ਾਰ ਕਰੋ। |
| ਸ਼ਿਮਲਾ ਮਿਰਚ | ਥਰਿਪ, ਪੀਲੀ ਜੂੰ, ਚੇਪਾ ਅਤੇ ਚਿੱਟੀ ਮੱਖੀ:<br>ਇਸ ਫ਼ਸਲ ਲਈ ਹਾਨੀਕਾਰਕ ਕੀੜੇ ਹਨ । | ਇਹ ਕੀੜੇ ਰੋਕਣ ਲਈ 400 ਮਿਲੀਲਿਟਰ ਮੈਲਾਥੀਆਨ 50 ਈ ਸੀ ਨੂੰ 100-125 ਲਿਟਰ ਪਾਣੀ ਵਿਚ ਘੋਲ ਕੇ 15-20 ਦਿਨਾਂ ਦੇ ਵਕਫੇ ਤੇ ਛਿੜਕੋ। | |

| | | | |
|---|---|---|---|
| |    | | |
| ਪਾਲਕ | ਚੇਪਾ :<br>ਛੋਟੇ-ਛੋਟੇ ਪੀਲੇ ਰੰਗ ਦੇ ਕੀੜੇ ਪੱਤਿਆਂ ਦਾ ਰਸ ਚੂਸਦੇ ਹਨ ਤੇ ਪੱਤੇ ਵੱਟ ਖਾ ਜਾਂਦੇ ਹਨ ।<br> | ਪ੍ਰਤੀ ਏਕੜ ਦੇ ਹਿਸਾਬ 350 ਮਿਲੀਲਿਟਰ ਮਲੈਥੀਅਨ 50 ਈ ਸੀ ਨੂੰ 80 ਲਿਟਰ ਪਾਣੀ ਵਿੱਚ ਪਾ ਕੇ ਕੀੜੇ ਨਜ਼ਰ ਆਉਣ ਤੇ ਛਿੜਕੋ । | ਛਿੜਕਾਅ ਤੋਂ 7 ਦਿਨ ਬਾਅਦ ਕਟਾਈ ਕਰੋ । |